ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030315
Available online at: www.armaan.org.in
DOI: https://doi.org/10.64119/armaan.vol.3.issue3.15

# ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮਾਭਗਤੀ

# GURU GRANTH SAHIB VICH PREMABHAGTI

**ਕੁਲਦੀਪ ਸਿੰਘ (Kuldeep Singh)**

**ਸਹਾਇਕ ਪ੍ਰੋਫੈਸਰ, ਪੰਜਾਬੀ (Assistant Prof., Punjabi)**

**ਸਰਕਾਰੀ ਕੰਨਿਆ ਕਾਲਜ, ਸਾਦੁਲਸ਼ਹਿਰ, ਜ਼ਿਲ੍ਹਾ ਸ੍ਰੀਗੰਗਾਨਗਰ (ਰਾਜ.)**

**Email ID: kpsajrawat0007@gmail.com ਮੋਬਾਈਲ: +91- 97721-54848**

**ਸਾਰ (Abstract)**

*ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮਾਭਗਤੀ ਨੂੰ ਚੰਗੀ ਜੀਵਨ ਜਾਚ ਅਤੇ ਆਤਮਾ ਦੀ ਮੁਕਤੀ ਦਾ ਸਭ ਤੋਂ ਮਹੱਤਵਪੂਰਨ ਰਾਹ ਮੰਨਿਆ ਗਿਆ ਹੈ। ਇਹ ਕੋਈ ਸਿਰਫ਼ ਉਪਰਲੀ ਸੋਚ ਜਾਂ ਦਿਖਾਵਾ ਨਹੀਂ, ਸਗੋਂ ਹਿਰਦੇ ਦੀ ਗਹਿਰਾਈਆਂ ਵਿੱਚੋਂ ਫੁੱਟਿਆ ਸੱਚੇ ਪਿਆਰ ਅਤੇ ਅਟੱਲ ਸਮਰਪਣ ਦਾ ਸੁਚੱਜਾ ਤੇ ਪਵਿਤ੍ਰ ਪ੍ਰਗਟਾਵਾ ਹੈ। ਪ੍ਰੇਮਾਭਗਤੀ-ਪਰਮਾਤਮਾ ਨਾਲ ਦਿਲੋਂ ਪਿਆਰ ਕਰਨਾ ਹੈ । ਇਹ ਪਿਆਰ ਕੋਈ ਸਧਾਰਨ ਸੰਸਾਰੀ ਭਾਵਨਾ ਨਹੀਂ, ਬਲਕਿ ਅਸਲ ਰੂਹਾਨੀ ਅਨੁਭੂਤੀ ਹੈ, ਜੋ ਮਨੁੱਖ ਦੇ ਦਿਲ ਨੂੰ ਸਾਫ਼, ਨਿਰਮਲ ਅਤੇ ਗੁਰੂ ਦੀ ਸਿੱਖਿਆ ਅਨੁਸਾਰ ਚਲਾਉਂਦਾ ਹੈ। ਗੁਰੂ ਮਨੁੱਖ ਨੂੰ ਆਪਣੇ ਵਿਕਾਰਾਂ ਜਿਵੇਂ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਛੁਟਕਾਰਾ ਦਵਾ ਕੇ ਬਾਣੀ ਅਤੇ ਸਾਧਸੰਗਤ ਨਾਲ ਜੋੜਦਾ ਹੈ। ਇਸ ਰਾਹ 'ਤੇ ਚੱਲਦਿਆਂ, ਮਨੁੱਖ ਦਾ ਚਿੱਤ ਨਾਮ ਰਸ ਵਿਚ ਰੰਗ ਜਾਂਦਾ ਹੈ ਅਤੇ ਉਹ ਸਦਾ ਪ੍ਰਭੂ ਦੇ ਸਿਮਰਨ ਵਿੱਚ ਮਗਨ ਰਹਿੰਦਾ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਦੇ ਮਨ ਦੀ ਅਗਨੀ ਬੁਝ ਜਾਂਦੀ ਹੈ ਅਤੇ ਉਹ ਪਵਿੱਤਰਤਾ ਦੀ ਅਵਸਥਾ ਵਿੱਚ ਪਹੁੰਚਦਾ ਹੈ। ਇਸ ਪ੍ਰੇਮਾਭਗਤੀ ਰਾਹੀਂ ਮਨੁੱਖ ਨਾ ਸਿਰਫ਼ ਦੁਨਿਆਵੀ ਦੁੱਖਾਂ ਤੋਂ ਮੁਕਤ ਹੁੰਦਾ ਹੈ, ਬਲਕਿ ਉਹ ਪਰਮਾਤਮਾ ਨਾਲ ਇਕ ਰੂਹਾਨੀ ਮਿਲਾਪ ਵੀ ਕਰਦਾ ਹੈ, ਜੋ ਜੀਵਨ ਨੂੰ ਅਸਲੀ ਮਕਸਦ ਅਤੇ ਅਰਥ ਦਿੰਦਾ ਹੈ। ਗੁਰੂ ਤੋਂ ਬਿਨਾ ਇਸ ਰਸਤੇ 'ਤੇ ਨਹੀਂ ਚਲਿਆ ਜਾ ਸਕਦਾ। ਇਸ ਲਈ ਗੁਰੂ ਦੀ ਸੇਵਾ, ਸਤਸੰਗਤ ਵਿੱਚ ਰਹਿਣਾ ਅਤੇ ਨਾਮ ਜਪਣਾ ਪ੍ਰੇਮਾਭਗਤੀ ਦੀ ਸਭ ਤੋਂ ਵੱਡੀ ਚਾਬੀ ਹੈ, ਜਿਸ ਰਾਹੀਂ ਮੰਜ਼ਿਲ ਤਕ ਪਹੁੰਚਿਆ ਜਾ ਸਕਦਾ ਹੈ। ਗੁਰੂ ਆਪਣੇ ਭਗਤ ਨੂੰ ਵਿਕਾਰਾਂ ਤੋਂ ਹਟਾਕੇ ਬਾਣੀ ਅਤੇ ਪਰਮਾਤਮਾ ਨਾਲ ਜੋੜਦਾ ਹੈ ਅਤੇ ਰੱਬੀ ਮਿਲਾਪ ਕਰਵਾਉਂਦਾ ਹੈ।*

***ਕੀਵਰਡ (Keyword): ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰੇਮਾਭਗਤੀ, ਗੁਰੂ, ਵਿਕਾਰ, ਸਾਧ-ਸੰਗਤ, ਸਦਗੁਣ, ਰੱਬੀ-ਮਿਲਾਪ।***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦਾ ਸ਼੍ਰੋਮਣੀ ਧਾਰਮਿਕ ਗ੍ਰੰਥ ਹੈ, ਜੋ ਕੇਵਲ ਸਿੱਖੀ ਦੀ ਆਧਾਰਸਿਲਾ ਨਹੀਂ, ਬਲਕਿ ਪੂਰੇ ਵਿਸ਼ਵ ਪੱਧਰ 'ਤੇ ਮਨੁੱਖਤਾ ਲਈ ਆਤਮਿਕ ਰੋਸ਼ਨੀ, ਅਮਨ, ਪ੍ਰੇਮ, ਕਰੁਣਾ ਅਤੇ ਨਿਰਮਲ ਜੀਵਨ ਦੀ ਪ੍ਰੇਰਕ ਰਾਹਦਾਰੀ ਹੈ। ਇਹ ਗ੍ਰੰਥ ਮਨੁੱਖ ਨੂੰ ਸਿਰਫ਼ ਰਚਨਾਤਮਿਕ ਉਪਦੇਸ਼ ਹੀ ਨਹੀਂ ਦਿੰਦਾ, ਸਗੋਂ ਜੀਵਨ ਦੇ ਆਤਮਿਕ ਪਰਿਵਰਤਨ ਦੀ ਯਾਤਰਾ ਦੀ ਰਾਹਦਾਰੀ ਵੀ ਦਿਖਾਉਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮਾਭਗਤੀ ਨੂੰ ਚੰਗੀ ਜੀਵਨ ਜਾਚ ਅਤੇ ਆਤਮਾ ਦੀ ਮੁਕਤੀ ਦਾ ਸਭ ਤੋਂ ਮਹੱਤਵਪੂਰਨ ਰਾਹ ਮੰਨਿਆ ਹੈ। ਸੱਚੇ ਦਿਲੋਂ ਰੱਬ ਦੇ ਪਿਆਰ ਵਿਚ ਡੁਬਕੇ ਕੀਤੀ ਗਈ ਭਗਤੀ ਹੀ ਪ੍ਰੇਮਾਭਗਤੀ ਹੈ । ਗੁਰੂ ਅਰਜਨ ਸਾਹਿਬ ਜੀ ਦਾ ਫੁਰਮਾਨ ਹੈ-

*ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ॥*

*ਗੁਣ ਗਾਵੈ ਅਨਦਿਨੁ ਨਿਤਿ ਜਾਗੀ॥* [1]

(ਪ੍ਰੇਮਾਭਗਤੀ ਦੇ ਰੰਗ ਵਿਚ ਰੰਗਿਆ ਮਨੁੱਖ ਦਿਨ ਰਾਤ ਪ੍ਰਭੂ ਪ੍ਰੇਮ ਵਿੱਚ ਲੀਨ ਰਹਿੰਦਾ ਹੈ।)

ਇਹ ਪ੍ਰੇਮਾਭਗਤੀ ਸਿਰਫ਼ ਧਾਰਮਿਕ ਰੀਤੀ-ਰਿਵਾਜ਼ਾਂ ਜਾਂ ਕਰਮਕਾਂਡਾਂ ਦੀ ਪਾਲਣਾ ਨਹੀਂ, ਬਲਕਿ ਪ੍ਰੇਮ, ਲਿਵ, ਨਿਮਰਤਾ ਅਤੇ ਵਿਸ਼ਵਾਸ ਉੱਤੇ ਆਧਾਰਿਤ ਇੱਕ ਅੰਦਰੂਨੀ ਅਨੁਭੂਤੀ ਹੈ। ਗੁਰਬਾਣੀ ਅਨੁਸਾਰ, ਅਜਿਹੀ ਪ੍ਰੇਮਾਭਗਤੀ ਜਿਸ ਦਾ ਜਨਮ ਡਰ ਜਾਂ ਲਾਭ ਦੀ ਪ੍ਰੇਰਨਾ ਤੋਂ ਨਹੀਂ, ਸਗੋਂ ਰੱਬੀ ਪ੍ਰੇਮ ਦੀ ਖਿੱਚ ਤੋਂ ਹੋਇਆ ਹੋਵੇ, ਉਹੀ ਮਨੁੱਖ ਨੂੰ ਪਰਮਾਤਮਾ ਦੀ ਚਰਨ-ਸ਼ਰਨ ਵਿਚ ਲੈ ਜਾਂਦੀ ਹੈ। ਇਹ ਪ੍ਰੇਮ ਕੇਵਲ ਭਾਵਨਾਤਮਕ ਜਜ਼ਬਾਤ ਜਾਂ ਸੰਸਾਰੀ

ਰਿਸ਼ਤਿਆਂ 'ਤੇ ਆਧਾਰਿਤ ਨਹੀਂ ਹੁੰਦਾ, ਬਲਕਿ ਇਹ ਇੱਕ ਆਤਮਿਕ ਚੇਤਨਾ, ਇਕਾਗਰ ਮਨ ਅਤੇ ਲੀਨ ਅਵਸਥਾ ਵਿੱਚੋਂ ਉਤਪੰਨ ਹੁੰਦਾ ਹੈ। ਮਨੁੱਖ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਕੇ ਪਰਮਾਤਮਾ ਨਾਲ ਰੂਹਾਨੀ ਏਕਤਾ ਦੀ ਭਾਵਨਾ ਵੱਲ ਲੈ ਜਾਂਦਾ ਹੈ। ਇਹੀ ਪ੍ਰੇਮ ਗੁਰਮਤਿ ਅਨੁਸਾਰ ਸੱਚੀ ਭਗਤੀ ਦੀ ਨਿਸ਼ਾਨੀ ਹੈ।

ਗੁਰੂ ਸਾਹਿਬਾਨ ਅਤੇ ਭਗਤ ਜਨਾਂ ਨੇ ਰੱਬੀ ਮਿਲਾਪ ਲਈ ਬਿਹੰਗਮ ਰੂਪਕਾਂ ਜਾਂ ਤਮਾਸ਼ਿਆਂ ਦੀ ਥਾਂ ਅੰਦਰੂਨੀ ਲਗਨ, ਨਿਸ਼ਕਾਮ ਪ੍ਰੇਮ ਅਤੇ ਪੂਰਨ ਸਮਰਪਣ ਨੂੰ ਹੀ ਪ੍ਰਧਾਨਤਾ ਦਿੱਤੀ ਹੈ। ਪ੍ਰੇਮ ਇੱਕ ਅਜਿਹਾ ਆਤਮਿਕ ਤੱਤ ਹੈ, ਜੋ ਮਨੁੱਖੀ ਆਤਮਾ ਨੂੰ ਪਰਮ ਸੱਚ ਨਾਲ ਜੋੜਨ ਦੀ ਅਸਧਾਰਨ ਸਮਰੱਥਾ ਰੱਖਦਾ ਹੈ। ਇਹ ਉਹ ਪ੍ਰੇਮ ਹੈ, ਜੋ ਜੰਮਣ-ਮਰਨ ਦੇ ਗੇੜ ਤੋਂ ਪਰੇ ਹੈ। ਇਹ ਪ੍ਰੇਮਾਭਗਤੀ ਮਨੁੱਖ ਵਿੱਚ ਆਤਮਿਕ ਚੇਤਨਾ ਦੀ ਲਹਿਰ ਜਗਾਉਂਦੀ ਹੈ, ਜੋ ਉਸ ਨੂੰ ਅੰਦਰੂਨੀ ਸੁਧਾਰ ਵੱਲ ਪ੍ਰੇਰਿਤ ਕਰਦੀ ਹੈ। ਜਦੋਂ ਇਹ ਰੱਬੀ ਪ੍ਰੇਮ ਮਨ ਵਿੱਚ ਵੱਸਦਾ ਹੈ, ਤਾਂ ਮਨ ਦੇ ਵਿਕਾਰ ਸੜ ਕੇ ਖ਼ਤਮ ਹੋ ਜਾਂਦੇ ਹਨ ਅਤੇ ਹਿਰਦਾ ਇਕ ਆਤਮਿਕ ਰਸ ਨਾਲ ਭਰ ਜਾਂਦਾ ਹੈ। ਇਹ ਰਸ, ਜੋ ਸਿਰਫ਼ ਪ੍ਰੇਮਾਭਗਤੀ ਰਾਹੀਂ ਮਿਲਦਾ ਹੈ, ਮਨੁੱਖ ਨੂੰ ਪਰਮ ਅਨੰਦ ਅਤੇ ਸਹਿਜ ਅਵਸਥਾ ਵੱਲ ਲੈ ਜਾਂਦਾ ਹੈ।

ਇਹ ਪ੍ਰੇਮ ਇਕ-ਪੱਖੀ ਜਾਂ ਸਧਾਰਨ ਨਹੀਂ, ਸਗੋਂ ਬਹੁ-ਪੱਖੀ, ਬਹੁ-ਦਿਸ਼ਾਵੀ ਅਤੇ ਪਵਿੱਤਰਤਾ ਨਾਲ ਯੁਕਤ ਹੈ। ਗੁਰਬਾਣੀ ਵਿੱਚ ਇਹ ਪ੍ਰੇਮ ਉਹ ਅਮੋਲਕ ਆਧਾਰ ਬਣ ਜਾਂਦਾ ਹੈ, ਜੋ ਮਨੁੱਖ ਨੂੰ ਸੰਸਾਰਕ ਰਿਸ਼ਤਿਆਂ, ਮਾਣ-ਮੋਹ ਅਤੇ ਮਾਇਆ ਤੋਂ ਉੱਤੇ ਲੈ ਜਾਂਦਾ ਹੈ। ਇਸ ਪ੍ਰੇਮ ਦੀ ਰੋਸ਼ਨੀ ਹਿਰਦੇ ਵਿਚ ਅਜਿਹਾ ਆਤਮਿਕ ਚਾਨਣ ਕਰਦੀ ਹੈ, ਜੋ ਭਗਤ ਨੂੰ ਪਰਮਾਤਮਾ ਦੀ ਹਜ਼ੂਰੀ ਦਾ ਅਨੁਭਵ ਕਰਵਾਉਂਦੀ ਹੈ। ਗੁਰਬਾਣੀ ਅਨੁਸਾਰ, ਭਗਤ ਜਦੋਂ ਅਡੋਲ ਪ੍ਰੇਮ ਨਾਲ ਪਰਮਾਤਮਾ ਦੀ ਲਿਵ ਵਿਚ ਜੁੜ ਜਾਂਦਾ ਹੈ, ਤਾਂ ਉਹ ਪਰਮ ਸੱਚ ਨੂੰ ਪਛਾਣ ਕੇ ਉਸ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ-

*"ਲਲਾ ਐਸੇ ਲਿਵ ਮਨੁ ਲਾਵੈ॥*

*ਅਨਤ ਨ ਜਾਇ ਪਰਮ ਸਚੁ ਪਾਵੈ॥*

*ਅਰੁ ਜਉ ਤਹਾ ਪ੍ਰੇਮ ਲਿਵ ਲਾਵੈ॥*

*ਤਉ ਅਲਹ ਲਹੈ ਲਹਿ ਚਰਨ ਸਮਾਵੈ॥"*[2]

ਇਸ ਦੇ ਇਲਾਵਾ ਗੁਰੂ ਅਰਜਨ ਜੀ ਪ੍ਰੇਮ ਦੀ ਅਮਰਤਾ ਤੇ ਅਟਲਤਾ ਨੂੰ ਦਰਸਾਉਂਦੇ ਹੋਏ ਫ਼ੁਰਮਾਨ ਕਰਦੇ ਹਨ-

*"ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ॥"*[3]

ਇਹ ਸਾਰਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮ ਨਾ ਸਿਰਫ਼ ਭਗਤੀ ਦਾ ਆਧਾਰ ਹੈ, ਸਗੋਂ ਪਰਮਾਤਮਾ ਦੀ ਪ੍ਰਾਪਤੀ ਦੀ ਮੂਲ ਚਾਬੀ ਵੀ ਹੈ। ਅਜਿਹਾ ਪ੍ਰੇਮ ਜੋ ਮਾਇਕ ਸੰਬੰਧਾਂ ਨੂੰ ਤਿਆਗ ਕੇ ਸਦਾ ਲਈ ਇਕ ਰੂਹਾਨੀ ਸਰੋਤ ਵਿੱਚ ਲੀਨ ਹੋ ਜਾਂਦਾ ਹੈ, ਉਹੀ ਸੱਚੀ ਲਿਵ ਅਤੇ ਭਗਤੀ ਦਾ ਪਰਮ ਰੂਪ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਪ੍ਰਗਟ ਹੋਣ ਵਾਲਾ ਪ੍ਰੇਮ ਕਿਸੇ ਭੌਤਿਕ ਜਾਂ ਸੰਸਾਰੀ ਰੁਝਾਨ ਦਾ ਪ੍ਰਤੀਨਿਧ ਨਹੀਂ ਹੈ, ਸਗੋਂ ਇਹ ਇਕ ਆਤਮਿਕ ਅਨੁਭੂਤੀ ਹੈ, ਜੋ ਮਨੁੱਖੀ ਚੇਤਨਾ ਨੂੰ ਅਮਰਤਾ ਅਤੇ ਅਡੋਲਤਾ ਦੀ ਅਵਸਥਾ ਤੱਕ ਲੈ ਜਾਂਦੀ ਹੈ। ਇਹ ਪ੍ਰੇਮ ਆਤਮਾ ਨੂੰ ਪਰਮਾਤਮਾ ਵਿੱਚ ਲੀਨ ਕਰ ਦਿੰਦਾ ਹੈ, ਜਿੱਥੇ ਕੋਈ ਭੇਦ, ਰੂਪ, ਰੰਗ, ਨਾਂਵ ਜਾਂ ਧਰਮ ਦੀਆਂ ਸੰਕੁਚਿਤ ਸਰਹੱਦਾਂ ਨਹੀਂ ਰਹਿ ਜਾਂਦੀਆਂ। ਇਹ ਲਿਵ ਅਜਿਹੀ ਹੈ, ਜਿਸ ਵਿੱਚ ਭਗਤ ਦਾ ਚਿੱਤ ਇਕਾਗਰ ਹੋ ਕੇ ਇੱਕੋ ਪਰਮ ਤੱਤ ਵੱਲ ਹੋ ਜਾਂਦਾ ਹੈ।

ਇਸ ਲਿਵ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਣੀ ਸਾਰੀਆਂ ਇੰਦਰੀਆਂ ਅਤੇ ਮਨ ਨੂੰ ਪਰਮਾਤਮਾ ਵਿੱਚ ਜੋੜਨਾ ਪੈਂਦਾ ਹੈ। ਭਗਤ ਦੇ ਚੇਤਨਾ ਇੰਨੀ ਸਚੇਤ ਹੋਣੀ ਚਾਹੀਦਾ ਹੈ ਕਿ ਉਹ ਕਿਸੇ ਹੋਰ ਵਸਤੂ ਵੱਲ ਧਿਆਨ ਹੀ ਨਾ ਦੇਵੇ। ਇੱਥੇ ਗੁਰੂ ਦੀ ਭੂਮਿਕਾ ਕੇਂਦਰੀ ਬਣ ਜਾਂਦੀ ਹੈ। ਗੁਰੂ ਸਿਰਫ਼ ਬੋਧਿਕ ਨਹੀਂ, ਸਗੋਂ ਉਹ ਆਤਮਿਕ ਰੋਸ਼ਨੀ ਦਾ ਸਰੋਤ ਹੈ, ਜੋ ਮਨੁੱਖ ਨੂੰ ਅਗਿਆਨ ਦੇ ਹਨੇਰੇ ਤੋਂ ਬਾਹਰ ਕੱਢਦਾ ਹੈ। ਗੁਰਮਤਿ ਅਨੁਸਾਰ, ਸੱਚੀ ਲਿਵ ਅਤੇ ਸੱਚਾ ਪ੍ਰੇਮ ਗੁਰੂ ਦੀ ਰਹਿਮਤ ਬਿਨਾ ਅਸੰਭਵ ਹੈ।

ਜਿਸ ਤਰ੍ਹਾਂ ਮਨੁੱਖ ਜਨਮ ਲੈਂਦੇ ਸਮੇਂ ਇਕ ਪਾਵਨ ਚੇਤਨਾ ਨਾਲ ਭਰਪੂਰ ਹੁੰਦਾ ਹੈ, ਪਰ ਸਮੇਂ ਦੀ ਗਤੀ ਅਤੇ ਸੰਸਾਰਿਕ ਸੰਪਰਕਾਂ ਕਾਰਨ ਉਹ ਵਿਕਾਰਾਂ ਵਿੱਚ ਫਸ ਜਾਂਦਾ ਹੈ, ਜੋ ਉਸ ਦੀ ਆਤਮਿਕ ਪਵਿੱਤਰਤਾ ਨੂੰ ਨਸ਼ਟ ਕਰ ਦਿੰਦੇ ਹਨ। ਇਹ ਵਿਕਾਰ ਉਸ ਨੂੰ ਪਰਮਾਤਮਾ ਦੀ ਹਜ਼ੂਰੀ ਦੇ ਯੋਗ ਨਹੀਂ ਛੱਡਦੇ। ਇਹਨਾਂ ਦਾ ਵਿਰੋਧ ਕਰਨਾ ਮਨੁੱਖ ਲਈ ਸਭ ਤੋਂ ਮੁਸ਼ਕਲ ਹੈ। ਇਹ ਆਤਮਿਕ ਵਿਕਾਰ ਮਨੁੱਖ ਦੀ ਬੁੱਧੀ ਬਲ ਤੋਂ ਉੱਚੇ ਹਨ ਅਤੇ ਇਹਨਾਂ ਤੋਂ ਛੁਟਕਾਰਾ ਸਿਰਫ਼ ਗੁਰੂ ਦੀ ਰਹਿਮਤ ਦੁਆਰਾ ਹੀ ਸੰਭਵ ਹੈ। ਗੁਰੂ ਉਸ ਅੰਦਰੂਨੀ ਜੋਤ ਨੂੰ ਪ੍ਰਗਟ ਕਰਦਾ ਹੈ, ਜੋ ਮਨੁੱਖ ਨੂੰ ਆਪਣੇ ਅਸਲ ਸਰੂਪ ਦੀ ਪਹਿਚਾਣ ਕਰਵਾਉਂਦੀ ਹੈ ਅਤੇ ਨਾਮ ਸਿਮਰਨ, ਸਤਸੰਗ, ਗੁਰਬਾਣੀ ਅਭਿਆਸ ਰਾਹੀਂ ਉਸਦੇ ਅੰਦਰ ਆਤਮਿਕ ਤਬਦੀਲੀ ਲਿਆਉਂਦਾ ਹੈ। ਜਿਵੇਂ ਗੁਰੂ ਨਾਨਕ ਜੀ ਆਦੇਸ਼ ਕਰਦੇ ਹਨ:

*"ਮਨ ਰੇ ਹਉਮੈ ਛੋਡਿ ਗੁਮਾਨੁ ॥*
*ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥"*[4]

ਇਸੇ ਰੂਪ ਵਿੱਚ ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਜੀ ਵੀ ਗੁਰੂ ਦੀ ਸੇਵਾ ਦੁਆਰਾ ਵਿਕਾਰਾਂ ਤੋਂ ਮੁਕਤੀ ਅਤੇ ਪਰਮਾਤਮਾ ਨਾਲ ਪ੍ਰੇਮ ਪਾਉਣ ਦੀ ਪ੍ਰੇਰਣਾ ਦਿੰਦੇ ਹਨ:

*"ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥*
*ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥"*[5]

*"ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥*
*ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥"*[6]

ਗੁਰੂ ਮਨੁੱਖ ਅਤੇ ਪਰਮਾਤਮਾ ਦਰਮਿਆਨ ਇੱਕ ਅਦ੍ਰਿਸ਼ਟ ਪੁਲ ਵਾਂਗ ਕੰਮ ਕਰਦਾ ਹੈ। ਗੁਰੂ ਦੇ ਰਾਹੀਂ ਹੀ ਮਨੁੱਖ ਨੂੰ ਆਪਣੇ ਅਸਲੀ ਸਰੂਪ ਦੀ ਪਹਿਚਾਣ ਹੁੰਦੀ ਹੈ। ਉਹ ਇਹ ਸਮਝਦਾ ਹੈ ਕਿ ਉਹ ਸਿਰਫ਼ ਸਰੀਰ ਨਹੀਂ, ਬਲਕਿ ਇੱਕ ਆਤਮਾ ਹੈ, ਜੋ ਪਰਮਾਤਮਾ ਦੀ ਹਿੱਸੇਦਾਰ ਹੈ। ਪਰ ਜਦ ਤੱਕ ਮਨੁੱਖ ਗੁਰੂ ਦੀ ਓਟ ਨਹੀਂ ਲੈਂਦਾ, ਤਦ ਤੱਕ ਉਹ ਆਪਣੇ ਅੰਦਰ ਪੈਦਾ ਹੋਏ ਵਿਕਾਰਾਂ ਦੀ ਗ੍ਰਿਫ਼ਤ ਵਿੱਚ ਫਸਿਆ ਰਹਿੰਦਾ ਹੈ। ਜੋ ਉਸ ਦੀ ਆਤਮਿਕ ਸੋਚ, ਵਿਵੇਕ ਨੂੰ ਮਿਟਾ ਦਿੰਦੇ ਹਨ। ਉਹ ਸੁੱਖ ਦੀ ਲਾਲਸਾ ਵਿੱਚ ਦੁੱਖ ਖੱਟਦਾ ਹੈ। ਅਨੰਦ ਦੀ ਤਲਾਸ਼ ਵਿੱਚ ਬੇਚੈਨ ਰਹਿੰਦਾ ਹੈ। ਪਰਮ ਸੁਖ ਦੇ ਰਸ ਨੂੰ ਭੁੱਲ ਕੇ ਚੰਚਲ ਖੁਸ਼ੀਆਂ ਦੇ ਪਿੱਛੇ ਭਟਕਦਾ ਹੈ। ਇਹ ਸਾਰਾ ਸੰਸਾਰੀ ਚੱਕਰ ਉਸ ਨੂੰ ਥਕਾ ਦਿੰਦਾ ਹੈ, ਪਰ ਤ੍ਰਿਪਤ ਨਹੀਂ ਕਰਦਾ। ਜਦੋਂ ਤੱਕ ਮਨੁੱਖ ਗੁਰੂ ਦੀ ਸ਼ਰਨ ਨਹੀਂ ਆਉਂਦਾ, ਉਸ ਦੀ ਇਹ ਭਟਕਣਾ ਜਾਰੀ ਰਹਿੰਦੀ ਹੈ।

ਗੁਰਬਾਣੀ ਅਨੁਸਾਰ ਮਨੁੱਖ ਦੀ ਆਤਮਿਕ ਯਾਤਰਾ ਤਦ ਤੱਕ ਪੂਰਨ ਨਹੀਂ ਹੋ ਸਕਦੀ, ਜਦ ਤੱਕ ਉਹ ਗੁਰੂ ਦੀ ਸ਼ਰਨ ਨਹੀਂ ਲੈਂਦਾ। ਗੁਰੂ ਦੇ ਬਿਨਾ ਮਨੁੱਖ ਮਾਇਆ ਦੇ ਮੋਹ, ਸੰਸਾਰਕ ਲਾਲਸਾਵਾਂ ਅਤੇ ਅਗਿਆਨਤਾ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਨੇ ਸਾਫ਼ ਆਖਿਆ ਹੈ ਕਿ *"ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ।"*[7] ਇਹ ਸਿਧਾਂਤ ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਤੱਤ ਹੈ ਕਿ ਗੁਰੂ ਹੀ ਉਹ ਮਾਰਗਦਰਸ਼ਕ ਹੈ ਜੋ ਆਤਮਾ ਨੂੰ ਅਸਲ ਰਾਹ ਦਿਖਾਉਂਦਾ ਹੈ ਅਤੇ ਪ੍ਰਭੂ ਨਾਲ ਮਿਲਾਪ ਸੰਭਵ ਬਣਾਉਂਦਾ ਹੈ। ਇਸ ਬਾਰੇ ਗੁਰੂ ਨਾਨਕ ਜੀ ਦਾ ਫੁਰਮਾਨ ਹੈ-

*"ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥*
*ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ॥"*[8]

ਇਸ ਤਰ੍ਹਾਂ ਗੁਰੂ ਦੀ ਸਰਨੀ ਵਿਹੂਣਾ ਮਨੁੱਖ ਮਾਇਆ ਵਿੱਚ ਡੁੱਬਦਾ ਜਾਂਦਾ ਹੈ, ਜਿੱਥੇ ਰੱਬ ਨਾਲ ਪਿਆਰ ਦਾ ਸੁਨਹਿਰਾ ਮੌਕਾ ਹੱਥੋਂ ਨਿਕਲ ਜਾਂਦਾ ਹੈ। ਆਤਮਾ, ਜੋ ਕਿ "ਜੀਵ-ਇਸਤਰੀ" ਦੇ ਰੂਪ ਵਿੱਚ ਗੁਰਬਾਣੀ ਵਿੱਚ ਵਰਣਿਤ ਕੀਤੀ ਗਈ ਹੈ, ਜਦੋਂ ਤੱਕ ਗੁਰੂ ਦੀ ਰੋਸ਼ਨੀ ਨਹੀਂ ਮਿਲਦੀ, ਉਦੋਂ ਤਕ ਵਿਕਾਰਾਂ ਵਿੱਚ ਫਸੀ ਰਹਿੰਦੀ ਹੈ। ਇਹ ਵਿਕਾਰ ਮਨੁੱਖੀ ਚੇਤਨਾ ਨੂੰ ਇੰਨਾ ਮੋਹ ਲੈਂਦੇ ਹਨ ਕਿ ਉਹ ਰੱਬੀ ਸੱਚਾਈ ਨੂੰ ਭੁਲਾ ਦਿੰਦੀ ਹੈ। ਇਸ ਅਵਸਥਾ ਵਿੱਚ ਮਨ ਕਦੇ ਟਿਕਦਾ ਨਹੀਂ, ਹਿਰਦਾ ਅਸਥਿਰ ਰਹਿੰਦਾ ਹੈ ਅਤੇ ਆਤਮਾ ਸੰਤੁਸ਼ਟੀ ਤੋਂ ਵਿਹੀਣ ਹੋ ਜਾਂਦੀ ਹੈ। ਇਹ ਅੰਦਰੂਨੀ ਵਿਛੋੜਾ ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਦੁੱਖ ਬਣ ਜਾਂਦਾ ਹੈ। ਮਨਮੁਖ ਦੇ ਮਨ ਦੀ ਮੈਲ ਉਨ੍ਹੀਂ ਦੇਰ ਤਕ ਨਹੀਂ ਉਤਰਦੀ ਜਿੰਨੀ ਦੇਰ ਤਕ ਉਹ ਸ਼ਬਦ ਗੁਰੂ ਨਾਲ ਸੱਚਾ ਪਿਆਰ ਨਹੀਂ ਕਰਦਾ। ਇਸ ਸੰਬੰਧ ਵਿਚ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ-

"ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥"[9]

ਇਸ ਲਈ, ਮਨੁੱਖ ਲਈ ਜ਼ਰੂਰੀ ਹੈ ਕਿ ਉਹ ਗੁਰੂ ਦੀ ਸਰਨ ਲੈ ਕੇ ਗੁਰਬਾਣੀ ਰਾਹੀਂ ਆਤਮਿਕ ਵਿਕਾਸ ਵੱਲ ਤੁਰੇ। ਜਦ ਜੀਵ ਇਹ ਸਮਝ ਲੈਂਦਾ ਹੈ ਕਿ ਮਾਇਆ ਦਾ ਪਿਆਰ ਅਸਥਿਰ ਅਤੇ ਛਲਣ ਵਾਲਾ ਹੈ, ਤਦ ਉਹ ਸੱਚੇ ਪਤੀ-ਪ੍ਰਭੂ ਦੀ ਪਨਾਹ ਲੈਂਦਾ ਹੈ। ਇਹੀ ਆਤਮਿਕ ਨਵਜਨਮ ਹੈ, ਜੋ ਮਨੁੱਖ ਨੂੰ ਉਸਦੇ ਅਸਲ ਮਕਸਦ 'ਪਰਮਾਤਮਾ ਨਾਲ ਮਿਲਾਪ' ਵੱਲ ਲੈ ਜਾਂਦਾ ਹੈ। ਇਹ ਮਿਲਾਪ ਆਪਣੇ ਆਪ ਨਹੀਂ ਹੋ ਜਾਂਦਾ। ਇਹ ਮਿਲਾਪ ਅਜੇਹੇ ਆਤਮਿਕ ਗੁਣਾਂ ਰਾਹੀਂ ਸੰਭਵ ਹੁੰਦਾ ਹੈ, ਜੋ ਪਰਮਾਤਮਾ ਦੀ ਰਜਾ ਵਿੱਚ ਰਹਿਣ ਨਾਲ ਮਿਲਦਾ ਹੈ । ਇਨ੍ਹਾਂ ਵਿੱਚ ਨਿਮਰਤਾ, ਪ੍ਰੇਮ, ਸਚਾਈ, ਸੰਤੋਖ ਅਤੇ ਨਾਮ ਸਿਮਰਨ ਮੁੱਖ ਹਨ।

ਗੁਰਬਾਣੀ ਇਨ੍ਹਾਂ ਗੁਣਾਂ ਨੂੰ ਕੇਵਲ ਆਚਰਣ ਮੂਲਕ ਨਹੀਂ ਮੰਨਦੀ, ਸਗੋਂ ਇਹਨਾਂ ਨੂੰ ਆਤਮਿਕ ਉੱਚਤਾ ਦੇ ਸੂਤਰ ਵਜੋਂ ਦਰਸਾਉਂਦੀ ਹੈ। ਸਚਾਈ ਮਨੁੱਖ ਦੀ ਆਤਮਿਕ ਰਚਨਾ ਦੀ ਮੁੱਢਲੀ ਮਜ਼ਬੂਤੀ ਹੈ। ਜਦ ਮਨ ਅਤੇ ਕਰਮ ਦੋਹਾਂ ਵਿਚੋਂ ਝੂਠ ਅਤੇ ਪਖੰਡ ਦੂਰ ਹੋ ਜਾਂਦੇ ਹਨ, ਤਦ ਹੀ ਮਨੁੱਖ ਅੰਦਰੋਂ ਨਿਰਮਲ ਹੋ ਕੇ ਪਰਮ ਚੇਤਨਾ ਨੂੰ ਸਵੀਕਾਰ ਕਰਨ ਦੇ ਯੋਗ ਬਣਦਾ ਹੈ। ਇੱਥੇ ਸਚਾਈ ਸਿਰਫ਼ ਆਚਰਨ ਦਾ ਗੁਣ ਨਹੀਂ, ਸਗੋਂ ਆਤਮਿਕ ਵਿਅਕਤੀਗਤਤਾ ਦੀ ਪਰਮ ਅਵਸਥਾ ਬਣ ਜਾਂਦੀ ਹੈ।

ਨਿਮਰਤਾ, ਜੋ ਗੁਰਮਤ ਵਿੱਚ ਹਉਮੈ ਦੇ ਵਿਰੁੱਧ ਗੁਣ ਵਜੋਂ ਦਰਸਾਈ ਗਈ ਹੈ। ਮਨੁੱਖ ਨੂੰ ਆਪਣੇ ਅੰਦਰ ਹੋ ਰਹੇ ਆਤਮਿਕ ਪ੍ਰਗਟਾਵੇ ਦੀ ਮਾਲਕੀ ਕਰਨ ਦੀ ਬਜਾਇ, ਉਸਨੂੰ ਪਰਮ ਰਜਾ ਅੱਗੇ ਸਮਰਪਿਤ ਕਰਨ ਯੋਗ

ਬਣਾਉਂਦੀ ਹੈ। ਗੁਰਬਾਣੀ ਵਿੱਚ ਗੁਰੂ ਅਰਜਨ ਜੀ ਫ਼ਰਮਾਉਂਦੇ ਹਨ:

*"ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥"* [10]

ਇਹ ਸੰਕੇਤ ਹੈ ਕਿ ਚਿਤ ਦੀ ਸਥਿਰਤਾ ਅਤੇ ਨਿਮਰਤਾ ਗੁਰੂ ਦੇ ਚਰਨਾਂ ਨਾਲ ਜੁੜ ਕੇ ਹੀ ਪ੍ਰਾਪਤ ਹੁੰਦੀ ਹੈ। ਸਾਧ ਸੰਗਤ ਵੀ ਗੁਰਮਤਿ ਅਨੁਸਾਰ ਚੇਤਨਾ ਦੀ ਤਾਕਤ ਵਜੋਂ ਕੰਮ ਕਰਦੀ ਹੈ। ਇਹ ਸੰਗਤ, ਜਿਸਦਾ ਸੰਬੰਧ ਸਾਫ਼ ਚਿੱਤ ਵਾਲੇ ਰੂਹਾਨੀ ਜੀਵਾਂ ਨਾਲ ਹੁੰਦਾ ਹੈ, ਇੱਕ ਅਜਿਹਾ ਆਤਮਿਕ ਮਾਹੌਲ ਪ੍ਰਦਾਨ ਕਰਦੀ ਹੈ, ਜਿੱਥੇ ਮਨੁੱਖ ਆਪਣੇ ਅੰਦਰਲੇ ਗੁਣਾਂ ਨੂੰ ਨਿਖਾਰਦਾ ਹੈ ਅਤੇ ਨੈਤਿਕ ਉਚਾਈ ਵੱਲ ਵਧਦਾ ਹੈ। ਭਗਤੀ ਅਤੇ ਨਾਮ ਸਿਮਰਨ ਨਾਲ ਜੁੜਦਾ ਹੈ।

ਭਗਤੀ ਅਤੇ ਨਾਮ ਸਿਮਰਨ ਵੀ ਮਨ ਨੂੰ ਸੰਸਾਰਕ ਵਿਕਾਰਾਂ ਤੋਂ ਉੱਪਰ ਉਠਾਉਣ ਵਾਲੀਆਂ ਆਤਮਿਕ ਪ੍ਰਕਿਰਿਆਵਾਂ ਹਨ। ਇਹ ਦੋਵੇਂ ਪ੍ਰਕਿਰਿਆਵਾਂ ਸਿੱਖ ਅਧਿਆਤਮਿਕਤਾ ਵਿੱਚ ਕੇਵਲ ਧਾਰਮਿਕ ਰਿਵਾਜ਼ਾਂ ਤੱਕ ਸੀਮਿਤ ਨਹੀਂ, ਸਗੋਂ ਅੰਦਰੂਨੀ ਚੇਤਨਾ ਦੇ ਰੂਪਾਂਤਰ ਅਤੇ ਨੈਤਿਕ ਉਤਕਰਸ਼ ਦੇ ਸਾਧਨ ਹਨ। ਜਦ ਨਾਮ ਸਿਮਰਨ, ਸਤਸੰਗ, ਕੀਰਤਨ ਅਤੇ ਆਤਮਿਕ ਮਨਨ ਦੇ ਰੂਪ ਵਿੱਚ ਲਾਗੂ ਕੀਤਾ ਜਾਂਦਾ ਹੈ, ਤਦ ਇਹ ਮਨੁੱਖ ਦੇ ਅੰਦਰੋਂ ਮਾਨਸਿਕ ਵਿਕਾਰਾਂ ਨੂੰ ਹਟਾ ਕੇ, ਉਸ ਦੀ ਚੇਤਨਾ ਨੂੰ ਪਰਮ ਸੱਚ ਵੱਲ ਪ੍ਰੇਰਦੀ ਹੈ ਅਤੇ ਮਨ ਵਿਚ ਪ੍ਰੇਮ ਪੈਦਾ ਕਰਦੀ ਹੈ। ਇਹ ਪਿਆਰ ਲੋਭ ਰਹਿਤ ਹੁੰਦਾ ਹੈ, ਜੋ ਮਨ ਨੂੰ ਰੱਬੀ ਜੋਤ ਨਾਲ ਮਿਲਾਉਂਦਾ ਹੈ। ਇਸ ਮੇਲ ਲਈ ਭਗਤੀ ਬਹੁਤ ਜ਼ਰੂਰੀ ਹੈ, ਜੋ ਮਨੁੱਖ ਦੇ ਅੰਦਰ ਦ੍ਰਿੜ੍ਹ ਨੈਤਿਕਤਾ, ਸੰਯਮ ਅਤੇ ਸਮਰਪਣ ਪੈਦਾ ਕਰਦੀ ਹੈ। ਜਿਸ ਨੂੰ ਗੁਰੂ ਨਾਨਕ ਦੀ ਬਾਣੀ ਵਿੱਚ *"ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ"* [11] ਵਾਂਗ ਪ੍ਰਗਟ ਕੀਤਾ ਗਿਆ ਹੈ।

ਸਮਰਪਣ, ਨਾਮ ਸਿਮਰਨ ਅਤੇ ਸਾਧਸੰਗਤ ਨਾਲ ਮਨੁੱਖ ਦੇ ਮਨ ਵਿਚ ਸੰਤੋਖ ਪੈਦਾ ਹੁੰਦਾ ਹੈ। ਸੰਤੋਖ ਮਨੁੱਖ ਦੀ ਅੰਦਰੂਨੀ ਅਵਸਥਾ ਵਿੱਚ ਸੰਤੁਲਨ ਅਤੇ ਅਡੋਲਤਾ ਪੈਦਾ ਕਰਦਾ ਹੈ। ਇਹ ਗੁਣ ਮਨੁੱਖ ਨੂੰ ਮਾਇਕ ਲਾਲਚ ਅਤੇ ਵਾਸਨਾਵਾਂ ਤੋਂ ਹਟਾ ਕੇ, ਜੋ ਮਿਲਿਆ ਹੈ, ਉਸ ਵਿੱਚ ਰਾਜ਼ੀ ਰਹਿਣ ਦੀ ਸਮਰੱਥਾ ਦਿੰਦਾ ਹੈ। ਸੰਤੋਖ ਇਕ ਐਸਾ ਆਤਮਿਕ ਮੂਲ ਹੈ, ਜੋ ਆਧੁਨਿਕ ਸਮਾਜ ਦੀ ਉਪਭੋਗਤਾਵਾਦੀ ਸੰਸਕ੍ਰਿਤੀ ਦੇ ਉਲਟ, ਇੱਕ ਅੰਦਰੂਨੀ ਅਨੰਦ ਅਤੇ ਤ੍ਰਿਪਤੀ ਦੇ ਪੜਾਅ ਵੱਲ ਲੈ ਜਾਂਦਾ ਹੈ। ਸੰਤੋਖ ਰਾਹੀਂ ਮਨੁੱਖ ਦੇ ਜੀਵਨ ਵਿਚ ਇਕ ਅਜਿਹਾ ਅਰਥ ਨਿਰਮਿਤ ਹੁੰਦਾ ਹੈ, ਜੋ ਸਿਰਫ਼ ਵਿਅਕਤੀਗਤ ਨਹੀਂ, ਸਰਬੱਤ ਦੇ ਭਲੇ ਦੀ ਸੋਚ ਤਕ ਵਿਸਤਾਰ ਕਰਦਾ ਹੈ।

ਗੁਰੂ ਇਨ੍ਹਾਂ ਸਾਰੇ ਗੁਣਾ ਦੇ ਵਿਕਾਸ ਰਾਹੀਂ ਸੰਪੂਰਨਤਾ ਦੀ ਉਸ ਅਵਸਥਾ ਵੱਲ ਲੈ ਜਾਂਦਾ ਹੈ, ਜਿੱਥੇ ਮਨੁੱਖ ਨਿਰਮਲ, ਦਇਆਵਾਨ, ਨਿਰਲੋਭ, ਨਿਸ਼ਕਪਟ ਅਤੇ ਨਿਮਰ ਹੋ ਜਾਂਦਾ ਹੈ। ਇਹ ਗੁਣ ਉਸ ਦੀ ਆਤਮਿਕ ਸੁਰਤ ਨੂੰ ਉੱਚੀ ਕਰਕੇ ਪਰਮਾਤਮਾ ਨਾਲ ਮਿਲਾਪ ਦੇ ਯੋਗ ਬਣਾਉਂਦੇ ਹਨ।

ਸਿੱਖ ਧਰਮ ਦੇ ਅਧਿਆਤਮਿਕ ਪ੍ਰਬੋਧ ਵਿੱਚ ਗੁਰੂ ਦੀ ਭੂਮਿਕਾ ਕੇਵਲ ਅਧਿਆਪਕ ਜਾਂ ਧਾਰਮਿਕ ਨੇਤਾ ਤੱਕ ਸੀਮਿਤ ਨਹੀਂ, ਸਗੋਂ ਇੱਕ ਐਸੇ ਆਤਮਿਕ ਰਹਿਨੁਮਾ ਦੀ ਹੈ, ਜੋ ਮਨੁੱਖ ਦੀ ਆਤਮਾ ਨੂੰ ਵਿਕਾਰਾਂ ਤੋਂ ਉੱਚਾ ਚੁੱਕ ਕੇ ਪ੍ਰਕਾਸ਼ ਦੇ ਸਰੋਤ ਵੱਲ ਲੈ ਜਾਂਦਾ ਹੈ। ਗੁਰੂ ਰਾਹੀਂ ਪ੍ਰਾਪਤ ਇਹ ਮਿਲਾਪ ਸਿਰਫ਼ ਗਿਆਨਾਤਮਿਕ ਨਹੀਂ, ਸਗੋਂ ਰੂਹਾਨੀ ਅਤੇ ਅਨੁਭਵਾਤਮਕ ਹੈ, ਜਿਵੇਂ ਕਿ ਗੁਰਬਾਣੀ ਵਿੱਚ ਗੁਰੂ ਅਮਰਦਾਸ ਜੀ ਨੇ ਉਚਾਰਨ ਕੀਤਾ ਹੈ:

*ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥*
*ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥* [12]

ਗੁਰੂ ਅਰਜਨ ਜੀ ਆਪਣੀ ਬਾਣੀ ਵਿਚ ਇਸ ਆਤਮਿਕ ਪ੍ਰਕਾਸ਼ ਨੂੰ ਪ੍ਰਗਟ ਕਰਦਿਆਂ ਕਹਿੰਦੇ ਹਨ:

*ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥*
*ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥*
*ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥੧॥* [13]

ਗੁਰੂ ਦੀ ਕਿਰਪਾ ਨਾਲ ਜਦ ਮਨੁੱਖ ਦੇ ਅੰਦਰ ਰੂਹਾਨੀ ਚਾਨਣ ਪੈਦਾ ਹੁੰਦਾ ਹੈ, ਤਦ ਉਹ ਆਪਣੇ ਅਸਲ ਸਰੂਪ ਨੂੰ ਪਛਾਣ ਲੈਂਦਾ ਹੈ। ਇਹ ਪਛਾਣ ਗੁਰਬਾਣੀ ਅਨੁਸਾਰ ਇੱਕ ਨਿੱਜੀ ਅਨੁਭਵ ਨਹੀਂ, ਸਗੋਂ ਬ੍ਰਹਿਮੰਡੀ ਸੱਚ ਦੀ ਪਹੁੰਚ ਹੈ, ਜਿਸ ਦੀ ਸੰਕਲਪਨਾ ਗੁਰੂ ਅਮਰਦਾਸ ਜੀ ਦੇ ਬਚਨ *'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ'* [14] ਰਾਹੀਂ ਹੋਂਦੀ ਹੈ। ਗੁਰਮਤ ਵਿੱਚ 'ਮੂਲ ਪਛਾਣੁ' ਸਿਰਫ਼ ਆਤਮ-ਚਿੰਤਨ ਨਹੀਂ, ਸਗੋਂ ਪਰਮ-ਰੂਹ ਨਾਲ ਵਿਲੀਨ ਹੋਣ ਦੀ ਪ੍ਰਕਿਰਿਆ ਹੈ ਜੋ ਗਿਆਨ ਅਤੇ ਭਾਵਨਾਤਮਕ ਪ੍ਰੇਮ ਰਾਹੀਂ ਸੰਭਵ ਬਣਦੀ ਹੈ।

ਇਹ ਪ੍ਰਕਿਰਿਆ ਮਨੁੱਖ ਨੂੰ ਇੱਕ ਉੱਚ ਆਤਮਿਕ ਅਵਸਥਾ ਵੱਲ ਪ੍ਰਵੇਸ਼ ਕਰਵਾਉਂਦੀ ਹੈ, ਜਿਸ ਵਿੱਚ ਉਸ ਦੀ ਆਤਮਾ ਆਪਣੇ ਮੂਲ ਸਰੋਤ ਨਾਲ ਇਕਰੂਪ ਹੋ ਕੇ ਪੂਰਨ ਤੌਰ 'ਤੇ ਲੀਨ ਹੋ ਜਾਂਦੀ ਹੈ। ਇਹ ਅਵਸਥਾ ਕਿਸੇ ਬਾਹਰੀ ਰੂਪ ਵਿੱਚ ਪ੍ਰਗਟ ਨਹੀਂ ਹੁੰਦੀ, ਸਗੋਂ ਮਨ-ਚਿੱਤ ਦੀ ਅੰਦਰੂਨੀ ਦ੍ਰਿਸ਼ਟੀ ਅਤੇ ਅਨੁਭਵਾਤਮਕ ਬੋਧ ਰਾਹੀਂ ਪ੍ਰਾਪਤ ਹੁੰਦੀ ਹੈ। ਇਸ ਅਵਸਥਾ ਵਿੱਚ ਮਨੁੱਖ

ਦੇ ਅੰਦਰ ਪਰਮਾਤਮਾ ਦੀ ਹਾਜ਼ਰੀ ਦਾ ਅਹਿਸਾਸ ਹੁੰਦਾ ਹੈ, ਜਿਸ ਨਾਲ ਉਹ ਵਿਕਾਰਾਂ ਤੋਂ ਮੁਕਤ ਹੋ ਕੇ ਆਤਮਿਕ ਅਡੋਲਤਾ ਵਿੱਚ ਸਥਿਰ ਹੋ ਜਾਂਦਾ ਹੈ। ਇਹ ਪਰਿਵਰਤਨ ਕਿਸੇ ਧਾਰਣਾਤਮਕ ਸੰਕਲਪ 'ਤੇ ਆਧਾਰਿਤ ਨਹੀਂ ਹੁੰਦਾ, ਸਗੋਂ ਜੀਵਨ ਦੀ ਅਸਲੀਅਤ ਨੂੰ ਨਵੀਂ ਦਿਸ਼ਾ ਦੇਣ ਵਾਲਾ ਇੱਕ ਆਤਮਿਕ ਪ੍ਰਕਾਸ਼ ਹੁੰਦਾ ਹੈ।

ਇਸ ਅਵਸਥਾ ਦਾ ਸ਼ਾਬਦਿਕ ਵਰਣਨ ਕਰਨਾ ਬੜਾ ਮੁਸ਼ਕਿਲ ਹੈ, ਕਿਉਂਕਿ ਇਸ ਨੂੰ ਸਿਰਫ਼ ਅਨੁਭਵ ਕਰਨ ਵਾਲੇ ਹੀ ਗਹਿਰਾਈ ਨਾਲ ਸਮਝ ਸਕਦੇ ਹਨ। ਜਿਸ ਮਨੁੱਖ ਦਾ ਹਿਰਦਾ ਪ੍ਰਭੂ ਦੇ ਪ੍ਰੇਮ ਵਿੱਚ ਪੂਰੀ ਤਰ੍ਹਾਂ ਮਗਨ ਹੋ ਜਾਂਦਾ ਹੈ, ਉਹ ਸੱਚੇ ਅਰਥਾਂ ਵਿੱਚ ਜਿਉਂਦਾ ਹੈ। ਉਸ ਲਈ ਨਾ ਜਨਮ ਦਾ ਡਰ ਰਹਿੰਦਾ ਹੈ ਅਤੇ ਨਾ ਮੌਤ ਦੀ ਚਿੰਤਾ। ਉਹ ਪ੍ਰਭੂ ਦੇ ਪ੍ਰੇਮ ਵਿੱਚ ਹੀ ਜਿਉਂਦਾ ਹੈ, ਪ੍ਰੇਮ ਵਿੱਚ ਹੀ ਮਰਦਾ ਹੈ ਅਤੇ ਓਸੇ ਪ੍ਰੇਮ ਵਿੱਚ ਆਪਣੀ ਹਸਤੀ ਨੂੰ ਪੂਰੀ ਤਰ੍ਹਾਂ ਸਮਾ ਦਿੰਦਾ ਹੈ। ਇਸ ਬਾਰੇ ਗੁਰਬਾਣੀ ਵਿਚ ਗੁਰੂ ਅਰਜਨ ਜੀ ਦਾ ਫੁਰਮਾਨ ਹੈ-

*"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥"*[15]

ਗੁਰਬਾਣੀ ਵਿੱਚ ਇਸ ਅਵਸਥਾ ਨੂੰ ਅਜਿਹੀ ਮਨ-ਅਵਸਥਾ ਵਜੋਂ ਦਰਸਾਇਆ ਗਿਆ ਹੈ, ਜਿੱਥੇ ਗਿਆਨ ਦੀ ਪ੍ਰਾਪਤੀ, ਧਿਆਨ ਵਿੱਚ ਏਕਾਗਰਤਾ ਅਤੇ ਪ੍ਰੇਮ ਭਗਤੀ ਰਾਹੀਂ ਮਨੁੱਖ ਅਤੁੱਟ ਸੁਖ ਅਤੇ ਮੁਕਤੀ ਦਾ ਅਨੁਭਵ ਕਰਦਾ ਹੈ। ਜਿਸਨੂੰ ਭਗਤ ਧੰਨਾ ਜੀ ਇੰਝ ਬਿਆਨ ਕਰਦੇ ਹਨ:-

*"ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥*
*ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥"*[16]

ਇਸ ਚਰਮ ਅਵਸਥਾ ਵਿੱਚ ਭੇਦ-ਭਾਵ ਸਮਾਪਤ ਹੋ ਜਾਂਦਾ ਹੈ, ਕਿਉਂਕਿ ਜੀਵ ਅਤੇ ਪਰਮਾਤਮਾ ਵਿਚਕਾਰ ਕੋਈ ਵੱਖਰਾ ਅਸਤਿਤਵ ਨਹੀਂ ਰਹਿੰਦਾ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ-

*"ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥"*[17]

ਇਸ ਮਿਲਾਪ ਦੀ ਅਵਸਥਾ ਵਿੱਚ ਮਨੁੱਖ ਦੀ ਆਪਣੀ ਹਸਤੀ ਗ਼ਾਇਬ ਹੋ ਜਾਂਦੀ ਹੈ ਅਤੇ ਸਿਰਫ਼ ਪਰਮਾਤਮਾ ਦੀ ਹਸਤੀ ਦਾ ਬੋਧ ਰਹਿ ਜਾਂਦਾ ਹੈ। ਪ੍ਰੇਮ-ਪੰਥ ਦੀ ਇਹ ਅੰਤਿਮ ਪੂਰਨਤਾ ਪਾਣੀ ਦੀ ਬੂੰਦ ਦੇ ਸਾਗਰ ਵਿੱਚ ਲੀਨ ਹੋ ਕੇ ਸਾਗਰ ਹੀ ਬਣ ਜਾਣ ਦੇ ਰੂਪਕ ਰਾਹੀਂ ਸਮਝੀ ਜਾ ਸਕਦੀ ਹੈ। ਭਾਵੇਂ ਬੂੰਦ ਅਤੇ ਸਾਗਰ ਵਿੱਚ ਰੂਪਕ ਅੰਤਰ ਦਿਖਾਈ ਦੇ ਸਕਦਾ ਹੈ, ਪਰ ਅਸਲ ਵਿੱਚ ਇਹ ਅਦਵੈਤ ਏਕਤਾ ਹੀ ਹੁੰਦੀ ਹੈ। ਇਹ ਕੋਈ ਸਧਾਰਨ ਅਨੁਭਵ ਨਹੀਂ, ਸਗੋਂ ਇਕ ਰੂਹਾਨੀ ਰਸ ਵਹਾਉਣ ਵਾਲੀ ਅਵਸਥਾ ਹੈ, ਜਿੱਥੇ ਜੀਵਾਤਮਾ ਆਪਣੀ ਵੱਖਰੀ ਹੋਂਦ ਤੋਂ ਪਾਰ ਹੋ ਜਾਂਦੀ ਹੈ। ਮਨੁੱਖ ਸਿਰਫ਼ ਇੱਕ ਸਰੀਰ ਨਹੀਂ, ਸਗੋਂ ਉਸਦੇ ਅੰਦਰ ਇੱਕ ਚਮਕਦੀ ਜੋਤ ਹੈ, ਇਹ ਜੋਤ ਜੋ ਪਰਮਾਤਮਾ ਦੀ ਹੈ। ਜਦੋਂ ਮਨੁੱਖ ਗੁਰੂ ਦੀ ਕਿਰਪਾ ਨਾਲ ਆਪਣੇ ਅੰਦਰ ਦੀ ਜੋਤ ਨੂੰ ਪਛਾਣਦਾ ਹੈ, ਤਦ ਉਹ ਸਮਝ ਲੈਂਦਾ ਹੈ ਕਿ ਇਹ ਜੋਤ ਕਿਸੇ ਹੱਦ ਤਕ ਸੀਮਤ ਨਹੀਂ, ਸਗੋਂ ਓਹੀ ਜੋਤ ਸਭ ਵਿੱਚ ਵਿਆਪਕ ਹੈ। ਇਹ ਪਛਾਣ ਇੱਕ ਸਧਾਰਨ ਗਿਆਨ ਨਹੀਂ, ਸਗੋਂ ਇੱਕ ਅਨੁਭਵ ਹੈ, ਜਿਸ ਵਿੱਚ ਮਨ, ਮਾਇਆ, ਹਉਮੈ, ਸਭ ਵਿਕਾਰ ਪਿੱਛੇ ਰਹਿ ਜਾਂਦੇ ਹਨ। ਇਸ ਅਨੁਭਵ ਵਿੱਚ ਆਤਮਾ ਅਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ ਹੈ। ਇਸ ਇੱਕਮਿਕਤਾ ਵਿੱਚ ਕੋਈ ਇੱਛਾ ਨਹੀਂ ਰਹਿੰਦੀ, ਕੋਈ ਮੰਗ ਨਹੀਂ, ਕੋਈ ਗਿਲਾ ਨਹੀਂ। ਸਿਰਫ਼ ਪਰਮ ਸ਼ਾਂਤੀ, ਨਿਰਮਲਤਾ ਅਤੇ ਸਤਿ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਦੀ ਹਸਤੀ ਪਰਮਾਤਮਾ ਦੀ ਜੋਤ ਵਿੱਚ ਇਸ ਤਰ੍ਹਾਂ ਲੀਨ ਹੋ ਜਾਂਦੀ ਹੈ ਜਿਵੇਂ ਜਲ ਵਿਚ ਜਲ ਮਿਲ ਗਿਆ ਹੋਵੇ। ਨਾਂ ਕੋਈ ਰੇਖਾ, ਨਾਂ ਕੋਈ ਵੱਖਰੀ ਪਹਿਚਾਣ ਸਿਰਫ਼ ਇਕ ਜੋਤ, ਸਿਰਫ਼ ਇੱਕ ਪਰਮ ਰੂਪ। ਆਤਮਾ ਅਤੇ ਪਰਮਾਤਮਾ ਦਾ ਅੰਤਰ ਮਿਟ ਜਾਂਦਾ ਹੈ ਅਤੇ ਮਨੁੱਖ ਪਰਮਾਨੰਦ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪ੍ਰੇਮਾਭਗਤੀ ਮਨੁੱਖੀ ਜੀਵਨ ਦੀ ਅੰਦਰੂਨੀ ਪਵਿਤ੍ਰਤਾ ਅਤੇ ਆਤਮਿਕ ਸ਼ਾਂਤੀ ਵੱਲ ਲੈ ਜਾਣ ਵਾਲਾ ਸਭ ਤੋਂ ਮਹੱਤਵਪੂਰਨ ਅਤੇ ਕੇਂਦਰੀ ਰਾਹ ਹੈ। ਇਹ ਰਸਮੀ ਧਾਰਮਿਕ ਰੀਤਾਂ ਜਾਂ ਉਪਰਲੇ ਦਿਖਾਵੇ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਹਿਰਦੇ ਦੀਆਂ ਗਹਿਰਾਈਆਂ ਵਿੱਚੋਂ ਉਪਜਣ ਵਾਲੇ ਖਰੇ ਪਿਆਰ, ਅਟੱਲ ਵਿਸ਼ਵਾਸ ਅਤੇ ਪੂਰਨ ਸਮਰਪਣ ਦਾ ਰੂਹਾਨੀ ਪ੍ਰਗਟਾਵਾ ਹੈ। ਗੁਰੂ ਦੀ ਸਿੱਖਿਆ ਮਨੁੱਖ ਨੂੰ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰਦੀ ਹੈ ਅਤੇ ਉਸ ਨੂੰ ਬਾਣੀ, ਨਾਮ-ਸਿਮਰਨ ਅਤੇ ਸਾਧਸੰਗਤ ਨਾਲ ਜੋੜ ਕੇ ਆਤਮਿਕ ਉੱਚਾਈਆਂ ਵੱਲ ਲੈ ਜਾਂਦੀ ਹੈ। ਇਸ ਮਾਰਗ 'ਤੇ ਚੱਲਦਿਆਂ ਮਨੁੱਖ ਦਾ ਚਿੱਤ ਨਾਮ-ਰਸ ਵਿੱਚ ਅਡੋਲ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਅਤੇ ਮਨੁੱਖ ਪਰਮਾਨੰਦ, ਸ਼ਾਂਤੀ ਅਤੇ ਅਮਰ ਸੁਖ ਦੀ ਅਨੁਭੂਤੀ ਕਰਦਾ ਹੈ। ਇਸ ਤਰ੍ਹਾਂ ਪ੍ਰੇਮਾਭਗਤੀ ਮਨੁੱਖ ਨੂੰ ਸੱਚੇ ਰੂਪ ਵਿੱਚ ਰੱਬੀ ਪ੍ਰੇਮ ਨਾਲ ਇਕਰੂਪ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ: ੧੦੯
2. -ਉਹੀ-, ਅੰਗ: ੩੪੨
3. -ਉਹੀ-, ਅੰਗ: ੮੩
4. -ਉਹੀ-, ਅੰਗ: ੨੧
5. -ਉਹੀ-, ਅੰਗ: ੨੬
6. -ਉਹੀ-, ਅੰਗ: ੪੬
7. -ਉਹੀ-, ਅੰਗ: ੩੨
8. -ਉਹੀ-, ਅੰਗ: ੨੧
9. -ਉਹੀ-, ਅੰਗ: ੩੭
10. -ਉਹੀ-, ਅੰਗ: ੪੮
11. -ਉਹੀ-, ਅੰਗ: ੧੪੧੨
12. -ਉਹੀ-, ਅੰਗ: ੩੧
13. -ਉਹੀ-, ਅੰਗ: ੪੫੨


***Cite this Article-***


ਕੁਲਦੀਪ ਸਿੰਘ (Kuldeep Singh), ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮਾਭਗਤੀ (GURU GRANTH SAHIB VICH PREMABHAGTI), ਅਰਮਾਨ *(ARMAAN), ISSN: 2583-9446 (O), Volume 3, Issue 3, July-September 2025, Page: 97-102.*

***Journal URL:*** *www.armaan.org.in*

**DOI:** https://doi.org/10.64119/armaan.vol.3.issue3.15



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*